Please write clearly in block capitals.

Centre number [ | | | | ] Candidate number [ | | | ]

Surname ______________________

Forename(s) ______________________

Candidate signature ______________________
I declare this is my own work.

# A-level
# PANJABI

## Paper 1 Reading and Writing

Time allowed: 2 hours 30 minutes

### Instructions

- Use black ink or black ball-point pen.
- Fill in the boxes at the top of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- Do all rough work in this book. Cross through any work you do not want to be marked.

### Information

- The marks for questions are shown in brackets.
- The maximum mark for this paper is 85.
- You must **not** use a dictionary.
- You should note that the quality of your written language in both Panjabi and English will be taken into account when marks are awarded.
- In the summary question you should write no more than 90 words. You should write in full sentences, using your own words as far as possible.
- This paper is divided into **two** sections:
  Section A Reading and Translation 45 marks
  Section B Writing (Research Project) 40 marks.

### Advice

- You are advised to allocate your time as follows:
  Reading and Translation 1 hour 15 minutes approximately
  Writing (Research Project) 1 hour 15 minutes approximately

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| **TOTAL** | |

Do not write outside the box

## Section A

## Reading and Translation

Answer **all** questions in the spaces provided.

**0 1** **ਸਾਰਾਗੜ੍ਹੀ ਦਾ ਯੁੱਧ** (1897)

ਤੁਸੀਂ ਸਾਰਾਗੜ੍ਹੀ ਦੇ ਯੁੱਧ ਬਾਰੇ ਇਹ ਜਾਣਕਾਰੀ ਪੜ੍ਹੋ।

ਸਿਰਫ਼ ਹਾਲ ਹੀ ਦੇ ਸਾਲਾਂ ਵਿੱਚ ਸਾਰਾਗੜ੍ਹੀ ਦੇ ਯੁੱਧ ਦਾ ਜ਼ਿਕਰ ਕਈ ਵੈਬਸਾਈਟਾਂ, ਸਥਾਨਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਲੇਖਾਂ ਅਤੇ ਮੀਡੀਆ ਵਿੱਚ ਕੀਤਾ ਗਿਆ ਹੈ। ਇਹ ਯੁੱਧ 1897 ਵਿੱਚ ਅਫ਼ਗ਼ਾਨਾਂ ਦੇ ਵਿਰੁੱਧ ਅੰਗਰੇਜ਼ੀ ਫ਼ੌਜ ਦੀ ਸਿੱਖ ਪਲਟਨ ਵੱਲੋਂ ਲੜਿਆ ਗਿਆ ਸੀ।

ਪਲਟਨ ਸਮਾਣਾ ਦੀਆਂ ਪਹਾੜੀਆਂ ਵਿੱਚ ਤੈਨਾਤ ਸੀ ਅਤੇ ਇਸ ਨੇ ਕੁਝ ਕਿਲ੍ਹਿਆਂ ਤੇ ਕਬਜ਼ਾ ਕੀਤਾ ਹੋਇਆ ਸੀ। ਕਿਲ੍ਹਾ ਲੌਕਹਾਰਟ ਅਤੇ ਕਿਲ੍ਹਾ ਗੁਲਿਸਤਾਨ ਇੱਕ ਦੂਸਰੇ ਤੋਂ ਕੁਝ ਮੀਲ ਦੂਰ ਸਨ ਕਿਉਂਕਿ ਇੱਕ ਕਿਲ੍ਹੇ ਤੋਂ ਦੂਸਰਾ ਕਿਲ੍ਹਾ ਨਜ਼ਰ ਨਹੀਂ ਆਉਂਦਾ ਸੀ, ਇਸ ਲਈ ਸਾਰਾਗੜ੍ਹੀ ਪੋਸਟ ਇਨ੍ਹਾਂ ਦੋਨਾਂ ਦੇ ਵਿਚਕਾਰ ਬਣਾਈ ਗਈ ਸੀ ਤਾਂ ਕਿ ਹਮਲੇ ਦੀ ਸੂਰਤ ਵਿੱਚ ਸਾਰਾਗੜ੍ਹੀ ਵੱਲੋਂ ਦੋਹਾਂ ਨੂੰ ਸੁਚੇਤ ਕੀਤਾ ਜਾ ਸਕੇ। ਬਾਰਾਂ ਸਤੰਬਰ 1897 ਨੂੰ 10 ਹਜ਼ਾਰ ਅਫ਼ਗ਼ਾਨਾਂ ਨੇ 21 ਸਿੱਖਾਂ ਦੀ ਟੁਕੜੀ ਉੱਤੇ ਸਾਰਾਗੜ੍ਹੀ ਦੀ ਪੋਸਟ ਤੇ ਹਮਲਾ ਕਰ ਦਿੱਤਾ ਜਿਸ ਦੀ ਅਗਵਾਈ ਹਵਾਲਦਾਰ ਈਸ਼ਰ ਸਿੰਘ ਕਰ ਰਹੇ ਸਨ। ਉਨ੍ਹਾਂ ਦੇ ਕਮਾਂਡਰ ਨੇ ਉਨ੍ਹਾਂ ਨੂੰ ਆਤਮਸਮਰਪਣ ਕਰਨ ਦੀ ਸਲਾਹ ਦਿੱਤੀ। ਪਰ ਫਿਰ ਵੀ ਉਹ 21 ਸਿੱਖ ਉਸ ਯੁੱਧ ਵਿੱਚ ਮਰਦੇ ਦਮ ਤੱਕ ਲੜਦੇ ਰਹੇ। ਮੰਨਿਆ ਜਾਂਦਾ ਹੈ ਕਿ ਉਸ ਯੁੱਧ ਵਿੱਚ 180 ਅਫ਼ਗ਼ਾਨ ਸੈਨਿਕ ਮਾਰੇ ਗਏ ਅਤੇ ਕਈ ਜ਼ਖਮੀ ਹੋਏ। ਸਾਰੇ 21 ਸਿੱਖ ਅਫ਼ਸਰਾਂ ਅਤੇ ਸੈਨਿਕਾਂ ਨੂੰ ਮਰਨ-ਉਪਰੰਤ "ਇੰਡੀਅਨ ਆਰਡਰ ਔਫ਼ ਮੈਰਿਟ" ਦਿੱਤਾ ਗਿਆ ਜੋ ਕਿ ਉਸ ਵੇਲੇ ਦਾ ਅੰਗਰੇਜ਼ੀ ਹਕੂਮਤ ਵੱਲੋਂ ਕਿਸੇ ਵੀ ਭਾਰਤੀ ਸੈਨਿਕ ਨੂੰ ਦਿੱਤਾ ਗਿਆ ਸਭ ਤੋਂ ਉੱਚਾ ਬਹਾਦਰੀ ਦਾ ਪੁਰਸਕਾਰ ਸੀ।

ਪਰ ਇਸ ਦੇ ਬਾਵਜੂਦ ਅੰਗਰੇਜ਼ੀ ਫ਼ੌਜੀ ਇਤਿਹਾਸ ਦੇ ਮਹਾਨ ਯੁੱਧਾਂ ਵਿੱਚੋਂ ਸ਼ਾਇਦ ਇਹ ਸਭ ਤੋਂ ਘੱਟ ਜਾਣਿਆ ਗਿਆ ਯੁੱਧ ਹੈ। ਸਾਰਾਗੜ੍ਹੀ ਦਿਵਸ 2017 ਵਿੱਚ ਅੰਗਰੇਜ਼ੀ ਫ਼ੌਜ ਵਿੱਚ ਸਿਰਫ਼ ਚੌਥੀ ਵਾਰ ਮਨਾਇਆ ਗਿਆ। ਪਰ ਹਾਲ ਹੀ ਵਿੱਚ ਇਸ ਨੂੰ ਵਧੇਰੇ ਮਾਨਤਾ ਮਿਲੀ ਹੈ। ਹੁਣ ਸੈਨਿਕਾਂ ਦੀ ਯਾਦ ਵਿੱਚ ਸਾਲਾਨਾ ਜਸ਼ਨ ਮਨਾਏ ਜਾਂਦੇ ਹਨ। ਇਸ ਨੂੰ ਕੁਝ ਇਤਿਹਾਸਕਾਰਾਂ ਨੇ ਅਤੇ ਇੱਥੋਂ ਤੱਕ ਕਿ ਯੂਨੈਸਕੋ ਨੇ ਵੀ ਇਤਿਹਾਸ ਦਾ ਇੱਕ ਮਹਾਨ ਯੁੱਧ ਕਰਾਰ ਦਿੱਤਾ ਹੈ ਅਤੇ ਇਸ ਨੂੰ ਇੱਕ ਅਨੂਠੀ ਬਹਾਦਰੀ ਦੀ ਮਿਸਾਲ ਕਿਹਾ ਹੈ। ਹਾਲ ਹੀ ਵਿੱਚ ਬਹਾਦਰ ਸੈਨਿਕਾਂ ਦੀ ਯਾਦ ਵਿੱਚ 'ਕੇਸਰੀ' ਨਾਮ ਦੀ ਇੱਕ ਬਾਲੀਵੁੱਡ ਫ਼ਿਲਮ ਵੀ ਰਿਲੀਜ਼ ਹੋਈ ਹੈ।

*Do not write outside the box*

**0 1 . 1** ਸਾਰਾਗੜ੍ਹੀ ਦੀ ਪੋਸਟ ਬਣਾਉਣ ਦਾ ਕੀ ਲਾਭ ਸੀ ?

**[1 mark]**

**0 1 . 2** ਯੁੱਧ ਵਿੱਚ ਸ਼ਹੀਦ ਹੋਏ 21 ਸਿੱਖਾਂ ਨੂੰ ਬਹਾਦਰੀ ਦੀ ਮਿਸਾਲ ਕਿਉਂ ਮੰਨਿਆ ਗਿਆ ਹੈ ? ਇਸ ਦੇ **ਦੋ** ਕਾਰਨ ਲਿਖੋ।

**[2 marks]**

**0 1 . 3** ਜਿਹੜੇ ਸੈਨਿਕ ਸਾਰਾਗੜ੍ਹੀ ਦੇ ਯੁੱਧ ਵਿੱਚ ਸ਼ਹੀਦ ਹੋਏ ਉਨ੍ਹਾਂ ਨੂੰ ਕਿਸ ਤਰ੍ਹਾਂ ਸ਼ਰਧਾਂਜਲੀ ਦਿੱਤੀ ਗਈ ?

**[1 mark]**

**0 1 . 4** ਯੂਨੈਸਕੋ ਨੇ ਸਾਰਾਗੜ੍ਹੀ ਦੇ ਯੁੱਧ ਨੂੰ ਕਿਸ ਤਰ੍ਹਾਂ ਮਾਨਤਾ ਦਿੱਤੀ ?

**[1 mark]**

**Question 1 continues on the next page**

**Turn over ▶**

Do not write outside the box

ਹੇਠ ਲਿਖੇ ਸ਼ਬਦਾਂ / ਪ੍ਰਗਟਾਵਾਂ ਦੇ ਸਮਾਨ-ਅਰਥ ਸ਼ਬਦ / ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ ।
ਸ਼ਬਦ / ਪ੍ਰਗਟਾਅ ਵਾਰਤਾ ਦੀ ਤਰਤੀਬ ਅਨੁਸਾਰ ਹਨ ।

0 1 . 5 ਹਥਿਆਰ ਸੁੱਟਣਾ

**[1 mark]**

0 1 . 6 ਮਰਨ ਤੋਂ ਬਾਅਦ

**[1 mark]**

0 1 . 7 ਉੱਚਤਮ

**[1 mark]**

8

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**0 2** **ਕਿਸਾਨਾਂ ਵੱਲੋਂ ਵਿਰੋਧ ਪ੍ਰਦਰਸ਼ਨ**

ਤੁਸੀਂ ਪੰਜਾਬੀ ਕਿਸਾਨਾਂ ਵੱਲੋਂ ਕੀਤੇ ਗਏ ਵਿਰੋਧ ਪ੍ਰਦਰਸ਼ਨ ਬਾਰੇ ਇਹ ਖ਼ਬਰ ਪੜ੍ਹੋ ।

ਕਿਸਾਨ ਕਈ ਮੰਗਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ, ਜਿਸ ਵਿੱਚ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨਾ ਵੀ ਸ਼ਾਮਲ ਹੈ । ਇਸ ਅੰਦੋਲਨ ਕਾਰਨ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ ਤੋਂ ਆਉਣ ਜਾਣ ਵਾਲੇ ਹਜ਼ਾਰਾਂ ਯਾਤਰੀ ਫਸ ਗਏ ਹਨ । ਉੱਤਰੀ ਰੇਲ ਦੇ ਇੱਕ ਕਰਮਚਾਰੀ ਦੇ ਬਿਆਨ ਤੋਂ ਪਤਾ ਲੱਗਿਆ ਹੈ ਕਿ ਮੰਗਲਵਾਰ ਨੂੰ ਘੱਟ ਤੋਂ ਘੱਟ 25 ਰੇਲ ਗੱਡੀਆਂ ਰੱਦ ਕੀਤੀਆਂ ਗਈਆਂ ਅਤੇ ਸੱਤ ਰੇਲ ਗੱਡੀਆਂ ਦਾ ਰਸਤਾ ਬਦਲ ਦਿੱਤਾ ਗਿਆ ਕਿਉਂਕਿ ਅੰਦੋਲਨ ਕਰ ਰਹੇ ਕਿਸਾਨਾਂ ਨੇ ਅੰਮ੍ਰਿਤਸਰ ਵਿਖੇ ਰੇਲ ਦੀਆਂ ਪਟੜੀਆਂ ਤੇ ਕਬਜ਼ਾ ਕਰ ਲਿਆ ਸੀ ।

ਕਿਸਾਨਾਂ ਦੇ ਰਾਸ਼ਟਰੀ ਕਮਿਸ਼ਨ, ਜਿਸ ਦੀ ਪ੍ਰਧਾਨਗੀ ਪ੍ਰੋਫੈਸਰ ਐਮ.ਐਸ. ਸਵਾਮੀਨਾਥਨ ਨੇ ਕੀਤੀ ਸੀ, ਨੇ ਦੋ ਸਾਲਾਂ ਦੇ ਦੌਰਾਨ ਪੰਜ ਰਿਪੋਰਟਾਂ ਜਮ੍ਹਾਂ ਕੀਤੀਆਂ ਸਨ । ਪਹਿਲੀਆਂ ਚਾਰ ਰਿਪੋਰਟਾਂ ਤੋਂ ਬਾਅਦ ਪੰਜਵੀਂ ਰਿਪੋਰਟ ਨੇ ਕਿਸਾਨਾਂ ਦੀਆਂ ਪਰੇਸ਼ਾਨੀਆਂ ਜਿਵੇਂ ਕਿ ਖ਼ਰਾਬ ਮੌਸਮ, ਕਰਜ਼ਾ ਅਤੇ ਕਿਸਾਨਾਂ ਦੀਆਂ ਵਧਦੀਆਂ ਆਤਮ-ਹੱਤਿਆਵਾਂ ਦੇ ਕਾਰਨਾਂ ਉੱਤੇ ਵਧੇਰੇ ਧਿਆਨ ਦਿੰਦੇ ਹੋਏ ਇੱਕ ਸੰਪੂਰਨ ਰਾਸ਼ਟਰੀ ਨੀਤੀ ਦੁਆਰਾ ਇਨ੍ਹਾਂ ਕਾਰਨਾਂ ਨੂੰ ਸੰਬੋਧਿਤ ਕਰਨ ਦੀ ਸਿਫ਼ਾਰਸ਼ ਕੀਤੀ ਸੀ । ਰਿਪੋਰਟ ਦੀਆਂ ਸਿਫ਼ਾਰਸ਼ਾਂ ਵਿੱਚ ਕਿਸਾਨਾਂ ਦੇ ਸਮਾਜਿਕ ਸੁਰੱਖਿਆ ਦੇ ਅਧਿਕਾਰ ਅਤੇ ਉਨ੍ਹਾਂ ਲਈ ਵਿੱਤੀ ਸਰੋਤਾਂ ਤੱਕ ਪਹੁੰਚ ਨੂੰ ਵਧੇਰੇ ਮਹੱਤਤਾ ਦਿੱਤੀ ਗਈ ਹੈ ।

ਕਿਸਾਨਾਂ ਨੂੰ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਮਦਦ ਨਹੀਂ ਮਿਲ ਰਹੀ । ਸਰਕਾਰ ਨਾ ਤਾਂ ਰਿਪੋਰਟ ਤੇ ਗੌਰ ਕਰ ਰਹੀ ਹੈ ਅਤੇ ਨਾ ਹੀ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰ ਰਹੀ ਹੈ । ਕਿਸਾਨਾਂ ਦੇ ਕਰਜ਼ਾ ਵਾਪਸ ਕਰਨ ਦੀ ਅਸਮਰਥਾ ਨੂੰ ਲੈ ਕੇ ਕਿਸਾਨਾਂ ਦੀ ਕਮੇਟੀ ਦੇ ਪ੍ਰਧਾਨ ਨੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਉੱਤੇ ਕਿਸਾਨਾਂ ਨੂੰ ਪਰੇਸ਼ਾਨ ਅਤੇ ਅਪਮਾਨਿਤ ਕਰਨ ਦਾ ਕਥਿਤ ਇਲਜ਼ਾਮ ਲਗਾਇਆ ਹੈ ਕਿਉਂਕਿ ਕਈ ਕਿਸਾਨ ਮਜਬੂਰਨ ਆਤਮ-ਹੱਤਿਆਵਾਂ ਕਰ ਰਹੇ ਹਨ ।

**ਕਿਸਾਨਾਂ ਵੱਲੋਂ ਵਿਰੋਧ ਪ੍ਰਦਰਸ਼ਨ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ ਜਿਸ ਵਿੱਚ **90** ਸ਼ਬਦਾਂ ਤੋਂ ਵੱਧ ਨਾ ਹੋਣ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ** । ਜਿੱਥੇ ਤੱਕ ਹੋ ਸਕੇ ਆਪਣੇ ਸ਼ਬਦਾਂ ਵਿੱਚ ਲਿਖੋ । ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਉ :

- ਵਿਰੋਧ ਪ੍ਰਦਰਸ਼ਨ ਕਿਵੇਂ ਕੀਤਾ ਗਿਆ ਅਤੇ ਜਨਤਾ ਤੇ ਇਸ ਦਾ ਕੀ ਅਸਰ ਹੋਇਆ । (**ਦੋ** ਗੱਲਾਂ ਲਿਖੋ) **[2 marks]**
- ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੀਆਂ ਸਿਫ਼ਾਰਸ਼ਾਂ । (**ਦੋ** ਗੱਲਾਂ ਲਿਖੋ) **[2 marks]**
- ਕਿਸਾਨਾਂ ਦੀਆਂ ਵਧਦੀਆਂ ਆਤਮ-ਹੱਤਿਆਵਾਂ ਦੇ ਕਾਰਨ । (**ਤਿੰਨ** ਗੱਲਾਂ ਲਿਖੋ) **[3 marks]**

ਨੋਟ: **5** ਅੰਕ ਚੰਗੀ ਭਾਸ਼ਾ ਲਈ ਹਨ । ਇਸ ਲਈ **ਜਿੱਥੇ ਤੱਕ ਸੰਭਵ ਹੋ ਸਕੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ** ।

**[5 marks]**

*Do not write outside the box*

Turn over ▶

Do not write outside the box

12

*Do not write outside the box*

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**0 3** **ਫਲਾਇੰਗ ਸਿੱਖ ਮਿਲਖਾ ਸਿੰਘ ਦੇ ਜੀਵਨ ਦਾ ਮੁੱਖ ਉਦੇਸ਼**

ਤੁਸੀਂ ਪੰਜਾਬ ਦੇ ਇੱਕ ਮਸ਼ਹੂਰ ਅਤੇ ਕਾਮਯਾਬ ਖਿਡਾਰੀ ਦੇ ਜੀਵਨ ਦੇ ਮੁੱਖ ਉਦੇਸ਼ ਬਾਰੇ ਇੱਕ ਬਲੌਗ ਪੜ੍ਹਦੇ ਹੋ। ਵਾਰਤਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਫਲਾਇੰਗ ਸਿੱਖ ਮਿਲਖਾ ਸਿੰਘ ਨੇ ਭਾਰਤ ਨੂੰ ਉਸ ਵੇਲੇ ਮਾਣ ਦਿਵਾਇਆ ਜਦੋਂ ਖੇਡਾਂ ਦੀ ਦੁਨੀਆਂ ਵਿੱਚ ਭਾਰਤ ਦਾ ਦਰਜਾ ਕੁਝ ਵੀ ਨਹੀਂ ਸੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਕੋਈ ਵਿਰਲਾ ਹੀ ਭਾਰਤੀ ਚੰਗਾ ਪ੍ਰਦਰਸ਼ਨ ਕਰਦਾ ਨਜ਼ਰ ਆਉਂਦਾ ਸੀ। ਅੱਜ ਹਰ ਖਿਡਾਰੀ, ਪੇਸ਼ਾਵਰ ਜਾ ਗੈਰ ਪੇਸ਼ਾਵਰ, ਮਿਲਖਾ ਸਿੰਘ ਵਾਂਗੂ ਮਸ਼ਹੂਰ ਅਤੇ ਕਾਮਯਾਬ ਬਣਨਾ ਚਾਹੁੰਦਾ ਹੈ ਪਰ ਅੱਜ ਤਕ ਦੌੜਨ ਵਿੱਚ ਕੋਈ ਵੀ ਜਿੱਤ ਨਹੀਂ ਸਕਿਆ।

ਮਿਲਖਾ ਸਿੰਘ ਨੇ ਚਿੰਤਤ ਹੁੰਦੇ ਹੋਏ ਕਿਹਾ, "ਭਾਰਤ ਵਿੱਚ ਵਧੇਰੇ ਹੁਨਰ ਹੋਣ ਦੇ ਬਾਵਜੂਦ, ਮੈਨੂੰ ਨੇੜੇ ਦੇ ਭਵਿੱਖ ਵਿੱਚ ਕਿਸੇ ਵੀ ਭਾਰਤੀ ਦੇ ਓਲੰਪਿਕ ਖੇਡਾਂ ਵਿੱਚ ਤਮਗਾ ਜਿੱਤਣ ਦੀ ਕੋਈ ਸੂਰਤ ਨਜ਼ਰ ਨਹੀਂ ਆਉਂਦੀ। ਸੰਸਥਾਵਾਂ ਅਤੇ ਹੋਰ ਜਿਹੜੇ ਵੀ ਭਾਰਤ ਵਿੱਚ ਖੇਡਾਂ ਦੇ ਪ੍ਰਬੰਧ ਨੂੰ ਵੇਖਦੇ ਹਨ, ਉਨ੍ਹਾਂ ਸਾਰਿਆਂ ਨੂੰ ਇਸ ਉੱਤੇ ਮਿਹਨਤ ਕਰਨ ਦੀ ਲੋੜ ਹੈ। ਜੇਕਰ ਅਸੀਂ ਸੋਨੇ ਦਾ ਤਮਗਾ ਜਿੱਤਣਾ ਚਾਹੁੰਦੇ ਹਾਂ ਤਾਂ ਖਿਡਾਰੀਆਂ ਵਿੱਚ ਕੜੀ ਮਿਹਨਤ ਕਰਨ ਦੀ ਭਾਵਨਾ ਹੀ ਇਸ ਦੀ ਕੁੰਜੀ ਹੈ।"

ਉਸ ਮਹਾਨ ਸ਼ਖਸੀਅਤ ਨੇ ਕਿਹਾ, "ਮੇਰੀ ਜ਼ਿੰਦਗੀ ਦਾ ਮੁੱਖ ਟੀਚਾ ਭਾਰਤ ਨੂੰ ਓਲੰਪਿਕ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਦੇ ਵੇਖਣਾ ਹੈ। ਇਸ ਲਈ ਮੈਂ ਹੁਨਰ ਦੀ ਇੱਕ ਖੋਜ ਸ਼ੁਰੂ ਕੀਤੀ ਹੈ ਜਿਸ ਵਿੱਚ ਦੇਸ਼ ਦੇ ਕੋਨੇ-ਕੋਨੇ ਤੋਂ 100 ਮਿਲਖਾ ਸਿੰਘ ਲੱਭੇ ਜਾਣਗੇ ਅਤੇ ਉਨ੍ਹਾਂ ਨੂੰ ਖੇਡਾਂ ਬਾਰੇ ਉੱਚ ਪੱਧਰ ਦੀ ਸਿਖਲਾਈ ਪ੍ਰਦਾਨ ਕੀਤੀ ਜਾਏਗੀ।" ਉਨ੍ਹਾਂ ਦਾ ਮੰਨਣਾ ਹੈ ਕਿ ਨੌਜਵਾਨ ਖਿਡਾਰੀਆਂ ਨੂੰ ਹਰ 15 ਦਿਨਾਂ ਮਗਰੋਂ ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਬਿਹਤਰੀ ਵਾਸਤੇ ਜਾਂਚਣਾ ਚਾਹੀਦਾ ਹੈ। ਸਾਬਕਾ ਜੇਤੂ ਫਲਾਇੰਗ ਸਿੱਖ ਮਿਲਖਾ ਸਿੰਘ ਨੇ ਸਰਕਾਰ ਨੂੰ ਤਾਕੀਦ ਕੀਤੀ ਹੈ ਕਿ ਖੇਡਾਂ ਦੀਆਂ ਵਧੇਰੇ ਅਕੈਡਮੀਆਂ ਖੋਲ੍ਹੀਆਂ ਜਾਣ ਜਿੱਥੇ ਖਿਡਾਰੀ ਖੇਡਾਂ ਦੇ ਨਾਲ-ਨਾਲ ਪੜ੍ਹਾਈ ਵੀ ਕਰ ਸਕਣ।

**0 3 . 1** ਖਿਡਾਰੀ ਫਲਾਇੰਗ ਸਿੱਖ ਮਿਲਖਾ ਸਿੰਘ ਵਰਗੇ ਕਿਉਂ ਬਣਨਾ ਚਾਹੁੰਦੇ ਹਨ?

**[1 mark]**

______________________________________________

______________________________________________

**0 3 . 2** ਮਿਲਖਾ ਸਿੰਘ ਜੀ ਕਿਸ ਗੱਲ ਬਾਰੇ ਫ਼ਿਕਰਮੰਦ ਹਨ?

**[1 mark]**

______________________________________________

______________________________________________

Do not write outside the box

**0 3 . 3** ਖਿਡਾਰੀਆਂ ਵਿੱਚ ਕਿਹੜਾ ਨਿੱਜੀ ਗੁਣ ਓਲੰਪਿਕ ਖੇਡਾਂ ਵਿੱਚ ਕਾਮਯਾਬੀ ਦਿਵਾ ਸਕਦਾ ਹੈ।

**[1 mark]**

**0 3 . 4** ਮਿਲਖਾ ਸਿੰਘ ਜੀ ਦੇ ਜੀਵਨ ਦਾ ਮੁੱਖ ਉਦੇਸ਼ ਕੀ ਹੈ ਅਤੇ ਉਹ ਇਸ ਨੂੰ ਕਿਵੇਂ ਪ੍ਰਾਪਤ ਕਰਨਾ ਚਾਹੁੰਦੇ ਹਨ?

**[2 marks]**

**0 3 . 5** ਮਿਲਖਾ ਸਿੰਘ ਜੀ ਦੇ ਅਨੁਸਾਰ ਖਿਡਾਰੀਆਂ ਨੂੰ ਕਿਹੜੀਆਂ ਗੱਲਾਂ ਲਈ ਜਾਂਚਣਾ ਚਾਹੀਦਾ ਹੈ?

**[1 mark]**

**0 3 . 6** ਮਿਲਖਾ ਸਿੰਘ ਜੀ ਦੇ ਅਨੁਸਾਰ ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ?

**[1 mark]**

7

**Turn over for the next question**

Do not write outside the box

**0 4** **ਹਰਿਵੱਲਭ ਸੰਗੀਤ ਸੰਮੇਲਨ**

ਤੁਸੀਂ ਪੰਜਾਬ ਦੇ ਜਲੰਧਰ ਸ਼ਹਿਰ ਵਿੱਚ ਸਾਲਾਨਾ ਸੰਗੀਤ ਸੰਮੇਲਨ ਬਾਰੇ ਇਹ ਵਾਰਤਾ ਪੜ੍ਹੋ।

ਪੰਜਾਬ ਦੇ ਜਲੰਧਰ ਸ਼ਹਿਰ ਵਿੱਚ 1875 ਵਿੱਚ ਸ਼ੁਰੂ ਹੋਏ ਸ੍ਰੀ ਬਾਬਾ ਹਰਿਵੱਲਭ ਸੰਗੀਤ ਸੰਮੇਲਨ ਨੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਮਹਾਨ ਪ੍ਰਥਾ ਨੂੰ ਪਿਛਲੇ 142 ਸਾਲਾਂ ਤੋਂ ਉਤਸ਼ਾਹ ਨਾਲ ਮਨਾਇਆ ਹੈ। ਸੰਤ ਸੰਗੀਤਕਾਰ ਬਾਬਾ ਹਰਿਵੱਲਭ ਤੋਂ ਪ੍ਰੇਰਨਾ ਲੈਂਦੇ ਹੋਏ ਇਸ ਸੰਗੀਤ ਸੰਮੇਲਨ ਨੇ ਚੋਟੀ ਦੇ ਕਲਾਕਾਰਾਂ ਨੂੰ ਆਪਣੀ ਉੱਚਤਮ ਕਲਾ ਦੀ ਪ੍ਰਦਰਸ਼ਨੀ ਦਾ ਇੱਕ ਮੰਚ ਦਿੱਤਾ ਜਿੱਥੇ ਹਰ ਸੰਗੀਤ ਪ੍ਰੇਮੀ, ਤਜਰਬੇ ਤੋਂ ਬਗੈਰ ਵੀ, ਸ਼ਾਸਤਰੀ ਸੰਗੀਤ ਦਾ ਮੁਫ਼ਤ ਵਿੱਚ ਅਨੰਦ ਮਾਣ ਸਕਦਾ ਹੈ।

ਹਰਿਵੱਲਭ ਜੀ ਸ਼ਾਸਤਰੀ ਸੰਗੀਤ ਦੀ ਵਧੇਰੇ ਜਾਣਕਾਰੀ ਰੱਖਦੇ ਸਨ ਅਤੇ ਉਨ੍ਹਾਂ ਦੀ ਅਵਾਜ਼ ਕਮਾਲ ਦੀ ਸੁਰੀਲੀ ਸੀ। ਉਨ੍ਹਾਂ ਦੇ ਗੁਰੂ ਬਾਬਾ ਤੁਲਜਾਗਿਰੀ ਨੇ ਉਨ੍ਹਾਂ ਦੇ ਅਸਾਧਾਰਣ ਗੁਣਾਂ ਨੂੰ ਪਛਾਣਿਆ ਅਤੇ ਆਪਣੀ ਗੱਦੀ ਸੌਂਪਣ ਦਾ ਫ਼ੈਸਲਾ ਕੀਤਾ। ਆਪਣੇ ਗੁਰੂ ਦੀ ਪਹਿਲੀ ਬਰਸੀ ਤੇ ਬਾਬਾ ਹਰਿਵੱਲਭ ਨੇ 1875 ਵਿੱਚ ਸੋਚਿਆ ਕਿ ਗੁਰੂ ਜੀ ਨੂੰ ਸ਼ਰਧਾਂਜਲੀ ਭੇਂਟ ਕਰਨ ਦਾ ਸਭ ਤੋਂ ਉਚਿਤ ਢੰਗ ਸੰਗੀਤ ਰਾਹੀਂ ਹੋਵੇਗਾ। ਉਨ੍ਹਾਂ ਨੇ ਇੱਕ ਯਾਦਗਾਰੀ ਸਮਾਰੋਹ ਕਰਨ ਦਾ ਫੈਸਲਾ ਕੀਤਾ ਜਿਸ ਵਿੱਚ ਸਾਧੂਆਂ ਅਤੇ ਸੰਤਾਂ ਨੂੰ ਭਗਤੀ-ਭਾਵ ਦੇ ਗੀਤ ਗਾਉਣ ਲਈ ਸੱਦਾ ਦਿੱਤਾ ਗਿਆ। ਇਸ ਤਰ੍ਹਾਂ ਦੇ ਇਕੱਠ ਇੱਕ ਸਾਲਾਨਾ ਪ੍ਰਥਾ ਬਣ ਗਏ।

ਅੱਗੇ ਆਉਣ ਵਾਲੇ ਸਾਲਾਂ ਵਿੱਚ ਇਸ ਸੰਮੇਲਨ ਵਿੱਚ ਕਈ ਆਧੁਨਿਕ ਤਬਦੀਲੀਆਂ ਲਿਆਂਦੀਆਂ ਗਈਆਂ। ਪੁਰਾਣੀ ਪਰੰਪਰਾ ਦਾ ਖਿਆਲ ਰੱਖਣ ਦੇ ਨਾਲ ਨਾਲ ਆਧੁਨਿਕ ਦ੍ਰਿਸ਼ਟੀਕੋਣ ਨੂੰ ਵੀ ਮੁੱਖ ਰੱਖਿਆ ਗਿਆ, ਜਿਸ ਕਰਕੇ ਬਦਲਾਅ ਆਉਂਦੇ ਗਏ। ਇੱਕ ਐਸੀ ਹੀ ਤਬਦੀਲੀ ਸੀ ਇਸਤਰੀ ਕਲਾਕਾਰਾਂ ਨੂੰ ਸੱਦਾ ਦੇਣਾ ਕਿਉਂਕਿ ਬਹੁਤ ਸਮੇਂ ਤੱਕ ਇਸਤਰੀਆਂ ਨੂੰ ਨਾ ਤਾਂ ਸੰਮੇਲਨ ਵਿੱਚ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਸੀ ਅਤੇ ਨਾ ਹੀ ਉਨ੍ਹਾਂ ਨੂੰ ਦਰਸ਼ਕਾਂ ਵਿੱਚ ਬੈਠਣ ਦੀ ਮਨਜ਼ੂਰੀ ਸੀ। ਪਰ ਇਸਤਰੀ ਕਲਾਕਾਰਾਂ ਵੀ ਇਸ ਸੰਮੇਲਨ ਵਿੱਚ ਹਿੱਸਾ ਲੈਣਾ ਚਾਹੁੰਦੀਆਂ ਸਨ ਕਿਉਂਕਿ ਉਹ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ ਅਤੇ ਨਾਲ ਹੀ ਪੁਰਸ਼ਾਂ ਦੇ ਸਮਾਨ ਦਰਜਾ ਵੀ ਪ੍ਰਾਪਤ ਕਰਨਾ ਚਾਹੁੰਦੀਆਂ ਸਨ। ਇਹ ਸਾਲਾਨਾ ਇਕੱਠ ਲਗਾਤਾਰ ਵਧਦਾ ਹੀ ਗਿਆ। ਇਸ ਦੇ ਨਾਲ ਹੀ ਉੱਤਰੀ ਭਾਰਤ ਵਿੱਚ ਜਲੰਧਰ ਸ਼ਹਿਰ ਦੀ ਪ੍ਰਸਿੱਧੀ ਵੀ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਗੜ੍ਹ ਦੇ ਤੌਰ ਤੇ ਵਧਦੀ ਗਈ।

**0 4 . 1** ਸੰਗੀਤਕਾਰ ਇਸ ਸੰਮੇਲਨ ਵਿੱਚ ਹਿੱਸਾ ਕਿਉਂ ਲੈਂਦੇ ਹਨ ?

**[1 mark]**

________________________________________

________________________________________

*Do not write outside the box*

**0 4 . 2** ਹਰਿਵੱਲਭ ਜੀ ਦੇ ਗੁਰੂ ਬਾਬਾ ਤੁਲਜਾਗਿਰੀ ਨੇ ਉਨ੍ਹਾਂ ਵਿੱਚ ਕਿਹੜੇ ਵਿਸ਼ੇਸ਼ ਗੁਣ ਵੇਖੇ ? **ਦੋ** ਗੱਲਾਂ ਲਿਖੋ ।
**[2 marks]**

______________________________________________________________________

______________________________________________________________________

______________________________________________________________________

______________________________________________________________________

**0 4 . 3** ਹਰਿਵੱਲਭ ਸੰਗੀਤ ਸੰਮੇਲਨ ਕਿਉਂ ਸ਼ੁਰੂ ਕੀਤਾ ਗਿਆ ਸੀ ?
**[1 mark]**

______________________________________________________________________

______________________________________________________________________

**0 4 . 4** ਪਹਿਲੇ ਹਰਿਵੱਲਭ ਸੰਗੀਤ ਸੰਮੇਲਨ ਵਿੱਚ ਕਿਸ ਤਰ੍ਹਾਂ ਦੀ ਗਾਇਕੀ ਪੇਸ਼ ਕੀਤੀ ਗਈ ਸੀ ?
**[1 mark]**

______________________________________________________________________

______________________________________________________________________

**0 4 . 5** ਹਰਿਵੱਲਭ ਸੰਗੀਤ ਸੰਮੇਲਨ ਵਿੱਚ ਕਿਹੜੀ ਮੁੱਖ ਤਬਦੀਲੀ ਆਈ ਹੈ ਅਤੇ ਕਿਉਂ ? **ਦੋ** ਗੱਲਾਂ ਲਿਖੋ ।
**[2 marks]**

______________________________________________________________________

______________________________________________________________________

______________________________________________________________________

______________________________________________________________________

**0 4 . 6** ਉੱਤਰੀ ਭਾਰਤ ਵਿੱਚ ਜਲੰਧਰ ਸ਼ਹਿਰ ਕਿਉਂ ਪ੍ਰਸਿੱਧ ਹੈ ?
**[1 mark]**

______________________________________________________________________

______________________________________________________________________

8

**Turn over for the next question**

*Do not write outside the box*

**0 5** **ਭਾਰਤ ਦੀ ਨਵੀਂ ਸਿੱਖਿਆ ਨੀਤੀ**

ਭਾਰਤ ਦੀ ਨਵੀਂ ਸਿੱਖਿਆ ਨੀਤੀ 2020 ਬਾਰੇ ਹੇਠ ਲਿਖੀ ਵਾਰਤਾ ਪੜ੍ਹੋ ।

Translate the passage into English.

ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਦੇ ਪ੍ਰਤੀਨਿਧੀਆਂ ਨੇ ਨਵੀਂ ਸਿੱਖਿਆ ਨੀਤੀ 2020 ਦੀ ਘੋਸ਼ਣਾ ਦਾ ਸਵਾਗਤ ਕੀਤਾ ਹੈ । ਭਾਰਤ ਵਿੱਚ ਲਗਭਗ ਚੌਤੀ ਸਾਲਾਂ ਬਾਅਦ ਨਵੀਂ ਨੀਤੀ ਪੇਸ਼ ਕੀਤੀ ਗਈ ਹੈ ਅਤੇ ਸਕੂਲਾਂ-ਕਾਲਜਾਂ ਦੇ ਪ੍ਰਬੰਧ ਵਿੱਚ ਕਾਫੀ ਬਦਲਾਅ ਕੀਤੇ ਗਏ ਹਨ । ਪਹਿਲੀ ਵਾਰੀ ਅਜਿਹਾ ਹੋਇਆ ਹੈ ਕਿ ਸਿੱਖਿਆ ਨੀਤੀ ਨੂੰ ਬਣਾਉਣ ਲਈ ਦੇਸ਼ ਦੇ ਅਧਿਆਪਕਾਂ, ਮਾਪਿਆਂ ਅਤੇ ਜਨ-ਪ੍ਰਤੀਨਿਧੀਆਂ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਹੈ । ਸਰਕਾਰ ਦੀ ਸਾਹਸੀ ਨੀਤੀ ਬਾਰੇ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਕਿਹਾ, “ਨਵੀਂ ਸਿੱਖਿਆ ਨੀਤੀ 2020 ਦੇ ਲਾਗੂ ਹੋਣ ਨਾਲ ਵਿਦਿਆਰਥੀਆਂ ਨੂੰ ਉੱਚ-ਵਿੱਦਿਆ ਦੇ ਵਧੇਰੇ ਮੌਕੇ ਮਿਲਣਗੇ ਜਿਸ ਨਾਲ ਵਿਦਿਆਰਥੀ ਵਿਸ਼ਵ ਪੱਧਰ ਤੇ ਮੁਕਾਬਲਾ ਕਰਨ ਦੇ ਕਾਬਲ ਹੋ ਜਾਣਗੇ । ਇਹ ਹਮੇਸ਼ਾ ਲਈ ਭਾਰਤੀ ਸਿੱਖਿਆ ਵਿਵਸਥਾ ਨੂੰ ਬਿਲਕੁਲ ਤਬਦੀਲ ਕਰਕੇ ਇਸ ਨੂੰ ਆਧੁਨਿਕ ਬਣਾ ਦੇਵੇਗੀ ।”

**[10 marks]**

Do not write outside the box

10

**END OF SECTION A**

**Turn over for the next section**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

## Section B

## Writing (Research Project)

Answer the question on the research topic you have studied.

You must answer on **one** research topic only.

**Either**

**0 6** **The role of women in Panjabi society**

**or**

**0 7** **Social issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge.

Total: 40 marks

**Turn over for Question 6**

*Do not write outside the box*

**0 6** **The role of women in Panjabi society**

**ਪੰਜਾਬੀ ਸਮਾਜ ਵਿੱਚ ਨੌਕਰੀ ਪੇਸ਼ਾ ਔਰਤਾਂ**

ਅੱਜ ਦੀ ਪੰਜਾਬੀ ਔਰਤ ਨਿਯਮਤ ਤੌਰ ਤੇ ਘਰੋਂ ਬਾਹਰ ਜਾ ਕੇ ਨੌਕਰੀ ਕਰਦੀ ਹੈ ਜੋ ਕਿ ਪਰੰਪਰਾਗਤ ਰੂਪ ਵਿੱਚ ਕਦੇ ਪੁਰਸ਼ ਦਾ ਕਰਤੱਵ ਹੁੰਦਾ ਸੀ। ਆਧੁਨਿਕ ਪਦਾਰਥਵਾਦੀ ਯੁੱਗ ਵਿੱਚ ਇਕੱਲੇ ਆਦਮੀ ਦੀ ਆਮਦਨ ਕਾਫ਼ੀ ਨਾ ਹੋਣ ਕਰਕੇ ਇਸਤਰੀਆਂ ਨੂੰ ਘਰੋਂ ਬਾਹਰ ਜਾ ਕੇ ਕਿੱਤਾ ਕਰਨਾ ਪੈਂਦਾ ਹੈ ਤਾਂ ਕਿ ਪਰਿਵਾਰ ਦੀ ਸਹਾਇਤਾ ਅਤੇ ਦੇਖਭਾਲ ਲਈ ਲੋੜੀਂਦੀ ਰਕਮ ਦਾ ਜੁਗਾੜ ਕਰ ਸਕਣ। ਬਾਹਰ ਦੇ ਕੰਮ ਦੇ ਨਾਲ ਨਾਲ ਅਧਿਕਤਰ ਇਸਤਰੀਆਂ ਨੂੰ ਅਜੇ ਵੀ ਘਰ ਦੇ ਸਭ ਤੋਂ ਵੱਧ ਕੰਮ ਕਰਨੇ ਪੈਂਦੇ ਹਨ ਅਤੇ ਪਰਿਵਾਰ ਲਈ ਭੋਜਨ ਵੀ ਬਣਾਉਣਾ ਪੈਂਦਾ ਹੈ।

ਅਜੋਕੇ ਪੰਜਾਬੀ ਸਮਾਜ ਵਿੱਚ ਲੋਕਾਂ ਨੂੰ ਧੀ ਦੇ ਜੰਮਣ ਤੇ ਦਹੇਜ ਦੇ ਦੈਂਤ ਤੋਂ ਡਰ ਨਹੀਂ ਲਗਦਾ ਕਿਉਂਕਿ ਮੁੰਡੇ ਦੇ ਮਾਪੇ ਹੁਣ ਦਹੇਜ ਲੈਣ ਨਾਲੋਂ ਪੜ੍ਹੀਆਂ ਲਿਖੀਆਂ ਤੇ ਪੱਕੀ ਨੌਕਰੀ ਤੇ ਲੱਗੀਆਂ ਕੁੜੀਆਂ ਨੂੰ ਜ਼ਿਆਦਾ ਤਰਜੀਹ ਦੇਣ ਲਗ ਪਏ ਹਨ। ਹੁਣ ਤਾਂ ਉਲਟੀ ਗੰਗਾ ਵਗਣ ਲੱਗ ਪਈ ਹੈ, ਲੋਕ ਕੁੜੀ ਵਾਲਿਆਂ ਤੋਂ ਦਹੇਜ ਲੈਣ ਦੀ ਬਜਾਏ ਵਿਦੇਸ਼ ਜਾਣ ਵਾਲੀ ਕੁੜੀ ਤੇ ਲੱਖਾਂ ਰੁਪਇਆ ਲਗਾਉਣ ਲਈ ਵੀ ਤਿਆਰ ਹਨ ਜੇਕਰ ਕੁੜੀ ਆਪਣੇ ਨਾਲ ਉਨ੍ਹਾਂ ਦੇ ਪੁੱਤਰ ਨੂੰ ਵੀ ਬਾਹਰ ਲੈ ਜਾਵੇ।

ਹੁਣ ਪੰਜਾਬੀ ਲੋਕ ਆਪਣੀਆਂ ਧੀਆਂ ਨੂੰ ਵੀ ਪੁੱਤਰਾਂ ਵਾਂਗ ਹੀ ਪਿਆਰ ਅਤੇ ਸਤਿਕਾਰ ਦਿੰਦੇ ਹਨ, ਉਨ੍ਹਾਂ ਦੀ ਪੜ੍ਹਾਈ ਲਿਖਾਈ ਅਤੇ ਦੇਖ-ਭਾਲ ਵਿੱਚ ਜਿੱਥੋ ਤੱਕ ਵਾਹ ਲਗੇ ਕੋਈ ਕਸਰ ਨਹੀਂ ਛੱਡਦੇ। ਧੀ ਦੇ ਘਰ ਵਿੱਚ ਜਨਮ ਲੈਣ ਨਾਲ ਹੁਣ ਸੋਗ ਨਹੀਂ ਪੈਂਦਾ ਬਲਕਿ ਸ਼ਰੀਂਹ ਦੇ ਪੱਤੇ ਬੰਨ੍ਹੇ ਜਾਂਦੇ ਹਨ ਕਿਉਂਕਿ ਪੰਜਾਬੀਆਂ ਨੂੰ ਹੁਣ ਇਸ ਗੱਲ ਦੀ ਮੁਕੰਮਲ ਸਮਝ ਆ ਗਈ ਹੈ ਕਿ ਕੁੜੀਆਂ ਮੁੰਡਿਆਂ ਵਿੱਚ ਕੋਈ ਅੰਤਰ ਨਹੀਂ ਹੈ।

ਅੱਜ-ਕੱਲ੍ਹ ਪੰਜਾਬੀ ਔਰਤ ਭਾਵੇਂ ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿੱਚ ਮਰਦ ਨਾਲੋਂ ਪਿੱਛੇ ਨਹੀਂ ਹੈ ਪਰ ਫਿਰ ਵੀ ਸਾਰੇ ਪੰਜਾਬੀ ਲੋਕਾਂ ਦੀ ਇਸਤਰੀ ਪ੍ਰਤੀ ਰੂੜ੍ਹੀਵਾਦੀ ਸੋਚ ਨੂੰ ਬਦਲਣ ਲਈ ਅਜੇ ਹੋਰ ਵਕਤ ਲੱਗੇਗਾ।

Do not write outside the box

**0 6** ਪੰਜਾਬੀ ਵੈੱਬਸਾਈਟ ਤੋਂ ਪੰਜਾਬੀ ਸਮਾਜ ਵਿੱਚ ਨੌਕਰੀ ਪੇਸ਼ਾ ਔਰਤਾਂ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬ ਵਿੱਚ ਔਰਤਾਂ ਦਾ ਨੌਕਰੀਆਂ ਵੱਲ ਰੁਝਾਨ ਵਧਣ ਨਾਲ ਪੰਜਾਬੀ ਸਮਾਜ ਵਿੱਚ ਔਰਤ ਦੀ ਸਥਿਤੀ ਵਿੱਚ ਆਈਆਂ ਤਬਦੀਲੀਆਂ ਦਾ ਵਿਸ਼ਲੇਸ਼ਣ ਕਰੋ ।

**[40 marks]**

**Turn over ▶**

*Do not write outside the box*

*Do not write outside the box*

40

**Turn over for Question 7**

Do not write outside the box

**0 7** **Social issues in the Punjab**

**ਸਮਾਜਿਕ ਸਮੱਸਿਆਵਾਂ ਦੇ ਹੱਲ**

ਪੰਜਾਬ ਨੂੰ ਇਸ ਵੇਲੇ ਕਈ ਸਮਾਜਿਕ ਸਮੱਸਿਆਵਾਂ ਦਰਪੇਸ਼ ਹਨ : ਨੌਜਵਾਨਾਂ ਵਿੱਚ ਵਧ ਰਹੀ ਨਸ਼ਾਖੋਰੀ ਅਤੇ ਬੇਰੁਜ਼ਗਾਰੀ ਵਰਗੀਆਂ ਗੰਭੀਰ ਸਮੱਸਿਆਵਾਂ ਹਨ ਜਿਨ੍ਹਾਂ ਦਾ ਤੁਰੰਤ ਹੱਲ ਲੱਭਣਾ ਅਤਿਅੰਤ ਜ਼ਰੂਰੀ ਹੈ।

ਇੱਕ ਸਰਵੇ ਦੇ ਅਨੁਸਾਰ, ਇਸ ਵੇਲੇ ਪੰਜਾਬ ਵਿੱਚ ਦਸ ਲੱਖ ਤੋਂ ਵਧ ਨੌਜਵਾਨ ਕਿਸੇ ਨਾ ਕਿਸੇ ਪ੍ਰਕਾਰ ਦੇ ਨਸ਼ੇ ਵਿੱਚ ਗਲਤਾਨ ਹਨ। ਨਸ਼ੇ ਦੀ ਲਤ ਵਾਲੇ ਨੌਜਵਾਨ ਔਸਤਨ ਪ੍ਰਤੀ ਦਿਨ 1400 ਰੁਪਇਆ ਨਸ਼ੀਲੇ ਪਦਾਰਥਾਂ ਤੇ ਖ਼ਰਚ ਕਰਦੇ ਹਨ। ਇੱਕ ਅੰਦਾਜ਼ੇ ਅਨੁਸਾਰ 76 ਕਰੋੜ ਰੁਪਇਆ ਹਰ ਸਾਲ ਪੰਜਾਬ ਵਿੱਚ ਨਸ਼ਿਆਂ ਤੇ ਉਡਾਇਆ ਜਾਂਦਾ ਹੈ। ਸਰਕਾਰ ਨੂੰ ਨਸ਼ੇ ਦੇ ਕਾਰੋਬਾਰ ਵਿੱਚ ਲੱਗੇ ਲੋਕਾਂ ਨਾਲ ਨਜਿੱਠਣ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਅਜਿਹੇ ਲੋਕਾਂ ਦੇ ਗੁਨਾਹਾਂ ਦੇ ਛੇਤੀ ਫੈਸਲੇ ਕਰਕੇ, ਉਨ੍ਹਾਂ ਦੀਆਂ ਜ਼ਾਇਦਾਦਾਂ ਜ਼ਬਤ ਕਰਕੇ, ਕਠੋਰ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਨੌਜਵਾਨਾਂ ਨਾਲ ਸਖਤੀ ਨਾਲ ਪੇਸ਼ ਨਹੀਂ ਆਉਣਾ ਚਾਹੀਦਾ, ਬਲਕਿ ਇਸ ਦੇ ਉਲਟ ਨੌਜਵਾਨਾਂ ਨੂੰ ਆਈ.ਟੀ. ਦੀ ਮੁਫਤ ਸਿਖਲਾਈ ਪ੍ਰਦਾਨ ਕਰਕੇ ਉਨ੍ਹਾਂ ਦੇ ਪੁਨਰ-ਵਸੇਬੇ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਆਸਾਨੀ ਨਾਲ ਨੌਕਰੀਆਂ ਮਿਲ ਸਕਣ।

ਖੇਤੀਬਾੜੀ ਦਾ ਕੰਮ ਕਰਨ ਵਿੱਚ ਕੁਝ ਨੌਜਵਾਨ ਝਿਜਕ ਮਹਿਸੂਸ ਕਰਦੇ ਹਨ। ਖੇਤੀਬਾੜੀ ਨੂੰ ਪੁਰਾਣੇ ਜ਼ਮਾਨੇ ਦਾ, ਸਖਤ ਮਿਹਨਤ ਵਾਲਾ ਅਤੇ ਘਟੀਆ ਕਿੱਤਾ ਮੰਨਿਆ ਜਾਂਦਾ ਹੈ। ਪਰ ਆਈ.ਟੀ. ਵਿੱਚ ਮੁਹਾਰਤ ਵਾਲੇ ਨੌਜਵਾਨ ਆਪਣੇ ਹੁਨਰ ਨੂੰ ਖੇਤੀਬਾੜੀ ਉਦਯੋਗ ਵਿੱਚ ਲਿਆ ਸਕਦੇ ਹਨ ਅਤੇ ਕਿਸਾਨਾਂ ਦੇ ਉਗਾਉਣ ਲਈ ਸਭ ਤੋਂ ਵਧੀਆ ਕਿਸਮ ਦੀਆਂ ਫਸਲਾਂ ਦੀ ਚੋਣ, ਫਸਲਾਂ ਵੇਚਣ ਲਈ ਨਵੀਂਆਂ ਮੰਡੀਆਂ ਦੀ ਭਾਲ, ਫਸਲਾਂ ਲਈ ਠੰਡੇ ਗੁਦਾਮਾਂ ਦਾ ਪ੍ਰਬੰਧ ਅਤੇ ਫਸਲਾਂ ਲਈ ਬੀਮਾ ਯੋਜਨਾ ਦਾ ਪ੍ਰਬੰਧ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ।

ਜਿਹੜੇ ਨੌਜਵਾਨ ਰਿਵਾਇਤੀ ਖੇਤੀਬਾੜੀ ਦੇ ਕਿੱਤੇ ਵਿੱਚ ਦਿਲਚਸਪੀ ਨਹੀਂ ਰੱਖਦੇ ਹਨ; ਉਨ੍ਹਾਂ ਨੂੰ ਪਸ਼ੂ-ਪਾਲਣ, ਸ਼ਹਿਦ ਦੀਆਂ ਮੱਖੀਆਂ ਅਤੇ ਮੱਛੀ-ਪਾਲਣ ਜਿਹੇ ਕੰਮਾਂ ਦੀ ਮੁਫਤ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ। ਆਪਣਾ ਕਾਰੋਬਾਰ ਖੋਲ੍ਹਣ ਵਾਲੇ ਨੌਜਵਾਨਾਂ ਲਈ ਸਰਕਾਰ ਮਾਲੀ ਸਹਾਇਤਾ ਦਾ ਵੀ ਪ੍ਰਬੰਧ ਕਰੇ।

Do not write outside the box

**0 7** ਪੰਜਾਬੀ ਅਖਬਾਰ ਵਿੱਚੋਂ ਅਜੋਕੇ ਪੰਜਾਬ ਦੀਆਂ ਸਮਾਜਿਕ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਅੱਜ-ਕੱਲ੍ਹ ਪੰਜਾਬ ਦੇ ਲੋਕਾਂ ਨੂੰ ਕਿਹੜੀਆਂ ਸਮਾਜਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ? ਵਿਸ਼ਲੇਸ਼ਣ ਕਰਦੇ ਹੋਏ ਲਿਖੋ ਕਿ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਸਰਕਾਰ ਨੂੰ ਕਿਹੋ ਜਿਹੇ ਯਤਨ ਕਰਨੇ ਚਾਹੀਦੇ ਹਨ।

**[40 marks]**

**Turn over ▶**

*Do not write outside the box*

Do not write outside the box

40

Turn over for Question 8

Do not write outside the box

**0 8** **Tourism in the Punjab**

**ਪੰਜਾਬੀ ਸਭਿਆਚਾਰ ਵਿੱਚ ਖਾਣ-ਪੀਣ**

ਪੰਜਾਬੀ ਸਭਿਆਚਾਰ ਵਿੱਚ ਜੇ ਪੰਜਾਬੀ ਖਾਣੇ ਬਾਰੇ ਗੱਲ ਕਰੀਏ ਤਾਂ ਪੰਜਾਬੀਆਂ ਦੀ ਚੰਗੀ ਸਿਹਤ ਦਾ ਰਾਜ਼ ਹੈ ਉਨ੍ਹਾਂ ਦੀ ਚੰਗੀ ਖੁਰਾਕ ਜੋ ਉਨ੍ਹਾਂ ਦੇ ਸੁਭਾਅ ਵਾਂਗ ਹੀ ਕਾਫੀ ਖੁੱਲ੍ਹੀ-ਡੁੱਲ੍ਹੀ ਹੈ। ਆਮ ਤੌਰ ਤੇ ਪੰਜਾਬੀਆਂ ਦਾ ਰਿਵਾਇਤੀ ਖਾਣਾ ਹੈ ਦਾਲ-ਰੋਟੀ ਪਰ ਸਿਆਲ ਦੀ ਰੁੱਤ ਵਿੱਚ ਉਹ ਮੱਕੀ ਦੀ ਰੋਟੀ ਤੇ ਸਾਗ ਖਾਂਦੇ ਹਨ ਅਤੇ ਲੱਸੀ ਪੀਂਦੇ ਹਨ।

ਪੰਜਾਬੀ ਸਭਿਆਚਾਰ ਵਿੱਚ ਘਰ ਆਏ ਪ੍ਰਾਹੁਣੇ ਦਾ ਪੂਰਾ ਆਦਰ-ਮਾਣ ਕੀਤਾ ਜਾਂਦਾ ਹੈ, ਖਾਣਾ ਪਰੋਸਣ ਤੋਂ ਪਹਿਲਾਂ ਮੇਜ਼ਬਾਨ, ਮਹਿਮਾਨ ਦੇ ਸਾਫ ਪਾਣੀ ਨਾਲ ਹੱਥ ਧੁਆ ਕੇ ਹੱਥ ਪੂੰਝਣ ਲਈ ਪਰਨਾ ਦਿੰਦਾ ਹੈ। ਅਕਸਰ ਘਰ ਵਿੱਚ ਪ੍ਰਾਹੁਣਾਚਾਰੀ ਲਈ ਕੋਈ ਨਾ ਕੋਈ ਮਿੱਠੀ ਚੀਜ਼, ਜਿਵੇਂ ਮਿੱਠੀਆਂ ਸੇਂਵੀਆਂ ਜਾਂ ਮਿੱਠੇ ਚੌਲ ਆਦਿ ਜ਼ਰੂਰ ਬਣਾਏ ਜਾਂਦੇ ਹਨ।

ਤਿਉਹਾਰਾਂ ਵੇਲੇ ਕਈ ਵਿਸ਼ੇਸ਼ ਕਿਸਮ ਦੇ ਪਕਵਾਨ ਬਣਾਏ ਜਾਂਦੇ ਹਨ, ਜਿਵੇਂ ਗੁੱਗੇ ਨੌਵੀਂ ਤੇ ਸੇਂਵੀਆਂ, ਮਾਘੀ ਤੇ ਗੰਨੇ ਦੇ ਰਸ ਵਾਲੇ ਚੌਲ ਅਤੇ ਦੀਵਾਲੀ ਤੇ ਲੱਡੂ ਅਤੇ ਜਲੇਬੀਆਂ। ਕੁਝ ਖਾਸ ਦਿਨ-ਦਿਹਾਰਾਂ ਤੇ ਜਿਨ੍ਹਾਂ ਨੂੰ ਗੁਰੂਆਂ ਪੀਰਾਂ ਦੇ ਦਿਨ ਮੰਨਿਆ ਜਾਂਦਾ ਹੈ; ਮੀਟ ਖਾਣ ਦੀ ਸਖ਼ਤ ਮਨਾਹੀ ਹੈ। ਸੰਗਰਾਂਦ ਵਾਲੇ ਦਿਨ ਘਰ ਵਿੱਚ ਕੜਾਹ ਬਣਾਉਣਾ ਕਾਫੀ ਸ਼ੁਭ ਮੰਨਿਆ ਜਾਂਦਾ ਹੈ।

ਪੰਜਾਬੀ ਲੋਕ ਮਸਾਲੇਦਾਰ ਭੋਜਨ ਦੇ ਬਹੁਤ ਸ਼ੌਕੀਨ ਹਨ। ਉਹ ਪਿਆਜ਼, ਲਸਣ, ਅਦਰਕ, ਟਮਾਟਰ ਅਤੇ ਹਰੀਆਂ ਮਿਰਚਾਂ ਘਿਉ ਵਿੱਚ ਤੜਕਾ ਭੁੰਨ ਕੇ ਉਸ ਵਿੱਚ ਦਾਲ ਜਾਂ ਸਬਜ਼ੀ ਮਿਲਾਉਣ ਤੋਂ ਬਾਅਦ ਉੱਤੇ ਹਰਾ ਧਨੀਆਂ ਅਤੇ ਗਰਮ ਮਸਾਲਾ ਛਿੜਕ ਕੇ ਬੜੇ ਮਜ਼ੇ ਨਾਲ ਖਾਂਦੇ ਹਨ।

ਪਿਛਲੇ 50 ਸਾਲਾਂ ਵਿੱਚ, ਪੱਛਮੀ ਦੇਸ਼ਾਂ ਵਿੱਚ ਭਾਰਤੀ ਖਾਣੇ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਅਤਿਅੰਤ ਤਬਦੀਲੀ ਆਈ ਹੈ; ਹੁਣ ਇੰਡੀਅਨ ਰੈਸਟੋਰੈਂਟ ਅਤੇ ਟੇਕ-ਅਵੇ ਦਾ ਕਾਰੋਬਾਰ ਯੂ.ਕੇ. ਦੇ ਅਰਥਚਾਰੇ ਵਿੱਚ ਕਰੋੜਾਂ ਪੌਂਡਾ ਦਾ ਹਿੱਸਾ ਪਾਉਂਦਾ ਹੈ। ਪੰਜਾਬੀ ਸਭਿਆਚਾਰਕ ਖਾਣਾ ਸੈਰ-ਸਪਾਟੇ ਦੇ ਵਾਧੇ ਵਿੱਚ ਇੱਕ ਅਹਿਮ ਭੂਮਿਕਾ ਨਿਭਾ ਸਕਦਾ ਹੈ ਇਸ ਲਈ ਪੰਜਾਬ ਸਰਕਾਰ ਦਾ ਸ੍ਰੇਸ਼ਠ ਟੀਚਾ ਖੇਤਰੀ ਖਾਣਾ ਬਣਾਉਣ ਦੀ ਸਿੱਖਿਆ ਦੇਣ ਵਾਲੇ ਸਕੂਲਾਂ ਦਾ ਵਿਕਾਸ ਕਰਨਾ ਹੋਣਾ ਚਾਹੀਦਾ ਹੈ।

Do not write outside the box

**0 8** ਪੰਜਾਬੀ ਰਸਾਲੇ ਵਿੱਚੋਂ ਲਈ ਗਈ ਪੰਜਾਬੀ ਸਭਿਆਚਾਰ ਵਿੱਚ ਖਾਣ-ਪੀਣ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬੀ ਸਭਿਆਚਾਰ ਵਿੱਚ ਵੱਖ ਵੱਖ ਮੌਕਿਆਂ ਤੇ ਕਿਹੋ ਜਿਹੇ ਖਾਣੇ ਖਾਧੇ ਜਾਂਦੇ ਹਨ ? ਪੰਜਾਬੀ ਖਾਣਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਲਿਖੋ ਕਿ ਪੱਛਮੀ ਦੇਸ਼ਾਂ ਵਿੱਚ ਪੰਜਾਬੀ ਖਾਣੇ ਇੰਨੇ ਮਸ਼ਹੂਰ ਹੋਣ ਦੇ ਕੀ ਕਾਰਨ ਹਨ।

**[40 marks]**

**Turn over ▶**

*Do not write outside the box*

Do not write outside the box

40

**Turn over for Question 9**

Do not write outside the box

**0 9** **Partition of the Punjab in 1947**

**ਪੰਜਾਬ ਦੀ ਵੰਡ ਦਾ ਅਜੋਕੇ ਪੰਜਾਬੀ ਸਮਾਜ ਤੇ ਪ੍ਰਭਾਵ**

1947 ਦੀ ਪੰਜਾਬ ਦੀ ਵੰਡ ਨੂੰ ਮਨੁੱਖੀ ਇਤਿਹਾਸ ਵਿੱਚ ਇੱਕ ਵੱਡਾ ਦੁਖਾਂਤ ਮੰਨਿਆ ਜਾਂਦਾ ਹੈ; ਇਸ ਦੁਖਾਂਤ ਦਾ ਸੰਤਾਪ ਅਜੋਕੀ ਪੰਜਾਬੀ ਪੀੜ੍ਹੀ ਨਹੀਂ ਬਲਕਿ ਆਉਣ ਵਾਲੀਆਂ ਨਸਲਾਂ ਵੀ ਝੱਲਦੀਆਂ ਹੀ ਰਹਿਣਗੀਆਂ ਜਦੋਂ ਤੱਕ ਇੰਡੀਆ ਅਤੇ ਪਾਕਿਸਤਾਨ ਵਿਚਕਾਰ ਕਸ਼ਮੀਰ ਦਾ ਮਸਲਾ ਸੁਲਝ ਨਹੀਂ ਜਾਂਦਾ।

ਪੰਜਾਬ ਦੀ ਵੰਡ ਦਾ ਸਭ ਤੋਂ ਵੱਡਾ ਮੁੱਲ ਸਿੱਖਾਂ ਨੂੰ ਚੁਕਾਉਣਾ ਪਿਆ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜ਼ਿੰਦਗੀ ਨਾਲ ਸੰਬੰਧਿਤ ਅਨੇਕਾਂ ਗੁਰਦਵਾਰੇ ਪਾਕਿਸਤਾਨ ਵਿੱਚ ਰਹਿ ਗਏ, ਜਿਨ੍ਹਾਂ ਵਿੱਚੋਂ ਸਿਰਫ ਮੁੱਠੀ-ਭਰ ਗੁਰਦਵਾਰਿਆਂ ਨੂੰ ਹੀ ਮੁਰੰਮਤ ਕਰਵਾ ਕੇ ਸਿੱਖ ਯਾਤਰੀਆਂ ਵਾਸਤੇ ਖੋਲ੍ਹਿਆ ਗਿਆ। ਪਿੱਛੇ ਜਿਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਤੇ ਪਾਕਿਸਤਾਨ ਸਰਕਾਰ ਨੇ ਦੋਵਾਂ ਦੇਸ਼ਾਂ ਵਿੱਚ ਸਦਭਾਵਨਾ ਕਾਇਮ ਕਰਨ ਲਈ ਸਿੱਖ ਯਾਤਰੀਆਂ ਵਾਸਤੇ 'ਕਰਤਾਰਪੁਰ ਸਾਹਿਬ ਲਾਂਘਾ' ਖੋਲ੍ਹਿਆ ਹੈ।

ਭਾਰਤ ਅਤੇ ਪਾਕਿਸਤਾਨ ਵਿਚਕਾਰ ਨਵੀਂ ਤਕਨੀਕ ਵਾਲੇ ਹਥਿਆਰ ਖਰੀਦਣ ਦੀ ਹਮੇਸ਼ਾ ਹੀ ਹੋੜ ਲੱਗੀ ਰਹਿੰਦੀ ਹੈ। ਦੋਵੇਂ ਦੇਸ਼ ਇੱਕੋ ਦੂਜੇ ਨੂੰ ਮਹਾਂ-ਵੈਰੀ ਸਮਝਦੇ ਹਨ ਇਸੇ ਕਰਕੇ ਦੋਵੇਂ ਦੇਸ਼ਾਂ ਵਿਚਕਾਰ ਤਿੰਨ ਵਾਰੀ ਯੁੱਧ ਵੀ ਹੋ ਚੁੱਕਾ ਹੈ। ਜਿਹੜਾ ਪੈਸਾ ਗਰੀਬਾਂ ਦੀ ਭਲਾਈ ਤੇ ਖ਼ਰਚ ਹੋਣਾ ਚਾਹੀਦਾ ਹੈ, ਉਹ ਪੈਸਾ ਇਹ ਦੋਵੇਂ ਦੇਸ਼ ਨਵੇਂ ਹਥਿਆਰ ਖਰੀਦਣ ਤੇ ਬਰਬਾਦ ਕਰ ਦਿੰਦੇ ਹਨ ਇਸੇ ਕਰਕੇ ਦੋਵਾਂ ਦੇਸ਼ਾਂ ਦੀ ਪਰਜਾ ਗਰੀਬੀ ਨਾਲ ਜੂਝ ਰਹੀ ਹੈ।

ਦੋਵਾਂ ਦੇਸ਼ਾਂ ਵਿੱਚ ਮਾੜਾ-ਮੋਟਾ ਗਿਲਾ ਸ਼ਿਕਵਾ ਵੀ ਸੀਮਾ ਦੇ ਕੋਲ ਪਿੰਡਾਂ ਵਿੱਚ ਰਹਿਣ ਵਾਲੇ ਪੰਜਾਬੀ ਲੋਕਾਂ ਲਈ ਖਤਰੇ ਦੀ ਘੰਟੀ ਬਣ ਜਾਂਦਾ ਹੈ। ਉਨ੍ਹਾਂ ਨੂੰ ਤੋਪਾਂ ਦੇ ਗੋਲੇ-ਬਰੂਦ ਤੋਂ ਬਚਣ ਲਈ ਤੁਰੰਤ ਆਪਣੇ ਘਰ-ਘਾਟ ਛੱਡ ਕੇ ਪਿੱਛੇ ਹਟਣਾ ਪੈਂਦਾ ਹੈ। ਕਈ ਵਾਰੀ ਦੋਵਾਂ ਦੇਸ਼ਾਂ ਵਿੱਚ ਆਪਸੀ ਤਣਾਅ ਦਾ ਵਪਾਰ ਤੇ ਵੀ ਬਹੁਤ ਬੁਰਾ ਅਸਰ ਪੈਂਦਾ ਹੈ। ਜੇਕਰ ਢੋਆ-ਢੁਆਈ ਵਾਲੇ ਸਾਧਨਾਂ ਤੇ ਪਾਬੰਦੀ ਨਾ ਵੀ ਲੱਗੇ ਤਾਂ ਵੀ ਇੱਕ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਜਾਣ ਵਾਲੀਆਂ ਜ਼ਰੂਰੀ ਵਸਤਾਂ ਤੇ ਦੁੱਗਣਾ ਟੈਕਸ ਲਗਾ ਦਿੱਤਾ ਜਾਂਦਾ ਹੈ।

Do not write outside the box

**0 9** ਪੰਜਾਬੀ ਦੀ ਇੱਕ ਔਨਲਾਈਨ ਅਖਬਾਰ ਵਿੱਚੋਂ ਪੰਜਾਬ ਦੀ ਵੰਡ ਨਾਲ ਅਜੋਕੇ ਸਮਾਜ ਤੇ ਪੈ ਰਹੇ ਪ੍ਰਭਾਵ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

'1947 ਵਿੱਚ ਹੋਈ ਪੰਜਾਬ ਦੀ ਵੰਡ, ਪੰਜਾਬੀ ਲੋਕਾਂ ਦੀ ਜ਼ਿੰਦਗੀ ਨੂੰ ਅੱਜ ਵੀ ਸਮਾਜਿਕ ਤੇ ਆਰਥਿਕ ਪੱਖ ਤੋਂ ਪ੍ਰਭਾਵਿਤ ਕਰ ਰਹੀ ਹੈ।' ਤੁਸੀਂ ਇਸ ਕਥਨ ਨਾਲ ਕਿੱਥੋਂ ਤੱਕ ਸਹਿਮਤ ਹੋ ?

**[40 marks]**

**Turn over ▶**

Do not write outside the box

Do not write outside the box

40

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

| Question number | **Additional page, if required.**<br>**Write the question numbers in the left-hand margin.** |
|---|---|
| | |

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2021 AQA and its licensors. All rights reserved.